# ਪੰਜਾਬ ਮੰਡੀ ਬੋਰਡ ਵੱਲੋਂ ਅਨਾਜ ਮੰਡੀਆਂ ਵਿਖੇ ਖੁੱਲੀ ਬੋਲੀ ਰਾਹੀਂ ਵੇਚੇ ਜਾਣ ਵਾਲੇ ਪਲਾਟਾਂ ਸਬੰਧੀ ਵੇਚ ਦੀਆਂ ਸਰਤਾਂ (ਮਿਤੀ 07-02-2011 ਤੋਂ ਲਾਗੂ)

1. ਪਲਾਟਾਂ ਦੀ ਖੁਲ੍ਹੀ ਬੋਲੀ ਰਾਹੀਂ ਕੀਤੀ ਜਾ ਰਹੀ ਵਿਕਰੀ ਪੰਜਾਬ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ (ਸੇਲ ਐਂਡ ਟਰਾਂਸਫਰ ਆਫ ਪਲਾਟਸ) ਰੂਲਜ, 1999, ਜੋ ਕਿ ਖੇਤੀਬਾੜੀ ਵਿਭਾਗ,ਪੰਜਾਬ ਸਰਕਾਰ (ਮੰਡੀ ਸਾਖਾ) ਦੇ ਨੋਟੀਫਿਕੇਸਨ ਨੰ: ਜੀ.ਐਸ.ਆਰ.4/ ਪੀ.ਏ. /23/1961 /ਐਸ.ਐਸ.18 ਅਦ 43 / ਏ.ਐਮ.ਡੀ (1)/2008, ਮਿਤੀ 2 ਜਨਵਰੀ, 2008 ਰਾਹੀਂ ਸੋਧੇ ਗਏ ਹਨ, ਦੇ ਤਹਿਤ ਗਵਰਨ ਹੋਵੇਗੀ।

2. ਬੋਲੀਕਾਰ ਅਧਿਕਾਰੀ/ਅਸਟੇਟ ਅਫਸਰ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਬਿਨ੍ਹਾਂ ਕੋਈ ਕਾਰਨ ਦੱਸੇ ਬੋਲੀ ਰੱਦ ਕਰ ਸਕਦਾ ਹੈ ਅਤੇ ਕਿਸੇ ਜਾਇਦਾਦ ਨੂੰ ਬੋਲੀ ਵਿਚੋਂ ਕੱਢ ਸਕਦਾ ਹੈ।

3. ਇਨ੍ਹਾਂ ਪਲਾਟਾਂ ਦੀ ਵਿਕਰੀ "ਜਿਵੇਂ ਹੈ, ਜਿਥੇ ਹੈ" ਦੇ ਅਧਾਰ (**as is whereis basis**) ਤੇ ਹੋਵੇਗੀ।

4. ਬੋਲੀ ਵਿਚ ਹਿੱਸਾ ਲੈਣ ਵਾਲੇ ਹਰ ਵਿਅੱਕਤੀ ਨੂੰ ਬੋਲੀ ਸੁਰੂ ਹੋਣ ਤੋ ਪਹਿਲਾਂ ਬੂਥਾਂ ਜਾਂ ਰਿਹਾਇਸੀ ਪਲਾਟਾਂ ਲਈ 10,000/ ਰੁਪਏ ਅਤੇ ਬਾਕੀ ਦੇ ਪਲਾਟਾਂ ਲਈ 20,000/- ਰੁਪਏ ਬਤੌਰ ਯੋਗਤਾ ਫੀਸ (ਜੋ ਮੋੜਣ ਯੋਗ /ਐਡਜਸਟਮੇਂਟ ਖਰਚ ਕਰਨ ਯੋਗ ਹੋਵੇਗੀ) ਡਿਮਾਂਡ ਡਰਾਫਟ ਜੋ ਮਾਰਕਿਟਿੰਗ ਡਿਵੈਲਪਮੈਂਟ ਫੰਡ, ਪੰਜਾਬ ਮੰਡੀ ਬੋਰਡ, ਪੇਏਬਲ ਐਟ ਚੰਡੀਗੜ੍ਹ ਨੂੰ ਅਦਾਇਗੀਯੋਗ ਹੋਣ, ਮੌਕੇ ਤੇ ਬੋਲੀ ਅਧਿਕਾਰੀ/ ਸਬੰਧਤ ਸਕੱਤਰ ਮਾਰਕਿਟ ਕਮੇਟੀ ਪਾਸ ਰਸੀਦ ਪ੍ਰਾਪਤ ਕਰਦੇ ਹੋਏ ਜਮ੍ਹਾਂ ਕਰਵਾਉਣੀ ਹੋਵੇਗੀ।

5. ਕਿਸੇ ਵੀ ਸੂਰਤ ਵਿੱਚ ਰਿਜਰਵ ਕੀਮਤ ਤੋਂ ਘੱਟ ਬੋਲੀ ਸੁਰੂ ਨਹੀ ਕੀਤੀ ਜਾਵੇਗੀ।

6. ਅਗਰ ਕੋਈ ਵਿਅੱਕਤੀ ਕਿਸੇ ਫਰਮ, ਕੰਪਨੀ ਜਾਂ ਐਸੋਸੀਏਸਨ ਵਲੋਂ ਬੋਲੀ ਦਿੰਦਾ ਹੈ ਤਾਂ ਬੋਲੀ ਦੇਣ ਵਾਲੇ ਵਿਅੱਕਤੀ ਨੂੰ ਬੋਲੀ ਕਰਨ ਵਾਲੇ ਅਧਿਕਾਰੀ ਦੀ ਤਸਲੀ ਕਰਵਾਉਂਦੇ ਹੋਏ ਅਜਿਹਾ ਦਸਤਾਵੇਜ ਪੇਸ ਕਰਨਾ ਹੋਵੇਗਾ ਜਿਸ ਤੋਂ ਇਹ ਜਾਹਿਰ ਹੁੰਦਾ ਹੋਵੇ ਕਿ ਫਰਮ, ਕੰਪਨੀ ਜਾਂ ਐਸੋਸੀਏਸਨ ਸਬੰਧਤ ਕਾਨੂੰਨ ਤਹਿਤ ਰਜਿਸਟਰਡ ਹੋਈ ਹੈ ਅਤੇ ਉਸ ਬੋਲੀਕਾਰ ਨੂੰ ਬੋਲੀ ਦੇਣ ਅਤੇ ਇਸ ਬੋਲੀ ਦੇ ਤਹਿਤ ਜਾਇਦਾਦ ਖ੍ਰੀਦ ਕਰਨ ਸਬੰਧੀ ਪੰਜਾਬ ਮੰਡੀ ਬੋਰਡ ਨਾਲ ਸਮਝੋਤਾਂ/ਐਗਰੀਮੈਂਟ ਕਰਨ ਸਬੰਧੀ ਜਰੂਰੀ ਅਧਿਕਾਰ ਪ੍ਰਾਪਤ ਹਨ। ਕੋਈ ਵੀ ਬੋਲੀ ਸੱਤ ਵਿਅਕਤੀਆਂ ਤੋਂ ਜਿਆਦਾ ਨਾਵਾਂ ਤੇ ਮਨਜੂਰੀ ਨਹੀ ਕੀਤੀ ਜਾਵੇਗੀ।

7. ਪੰਜਾਬ ਮੰਡੀ ਬੋਰਡ ਨੂੰ ਬੋਲੀ ਕਨਫਰਮ ਹੋਣ ਉਪਰੰਤ ਸਾਰੀਆਂ ਅਦਾਇਗੀਆਂ ਡਿਮਾਂਡ ਡਰਾਫਟ, ਜਿਹੜਾ ਕਿ ਮਾਰਕਿਟਿੰਗ ਡਿਵੇਲਪਮੈਂਟ ਫੰਡ, ਪੰਜਾਬ ਮੰਡੀ ਬੋਰਡ ਪੇਏਬਲ ਐਟ ਚੰਡੀਗੜ ਦੇ ਹੱਕ ਵਿੱਚ ਹੋਵੇ ਅਤੇ ਕਿਸੇ ਵੀ ਸਡਿਊਲਡ ਬੈਂਕ ਜਿਸ ਦੀ ਬ੍ਰਾਂਚ ਚੰਡੀਗੜ੍ਹ ਵਿਚ ਹੋਵੇ ਤੇ ਜਾਰੀ ਸੁਦਾ ਹੋਵੇ, ਰਾਹੀਂ ਕੀਤੀਆ ਜਾਣਗੀਆ।

8. ਜੇਕਰ ਕਿਸੇ ਪਲਾਟ ਦੀ ਬੋਲੀ ਸਮੇਂ ਕੋਈ ਝਗੜਾ (**Dispute**) ਪੈਦਾ ਹੁੰਦਾ ਹੈ ਤਾਂ ਬੋਲੀ ਅਧਿਕਾਰੀ/ਅਸਟੇਟ ਅਫਸਰ ਦਾ ਫੈਸਲਾ ਅੰਤਿਮ ਮੰਨਿਆ ਜਾਵੇਗਾ।

9 ਜੇਕਰ ਕੋਈ ਬੋਲੀਕਾਰ ਪਲਾਟਾਂ ਦੀ ਬੋਲੀ ਸਮੇਂ ਜਾਣ ਬੁੱਝ ਕੇ ਕਿਸੇ ਪ੍ਰਕਾਰ ਦੀ ਰੁਕਾਵਟ ਜਾਂ ਝਗੜਾ ਪੈਦਾ ਕਰਦਾ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤ ਦੀ ਰਕਮ ਜਬਤ ਕਰ ਲਈ ਜਾਵੇਗੀ ਅਤੇ ਉਸਨੂੰ ਮੁੜ ਬੋਲੀ ਵਿੱਚ ਭਾਗ ਨਹੀ ਲੈਣ ਦਿੱਤਾ ਜਾਵੇਗਾ।

10 ਬੋਲੀ ਦੀ ਪੇਸ਼ਕਸ਼ ਮੰਡੀ ਦੀ ਤਿਆਰ ਕੀਤੀ ਪਲੈਨ ਦੇ ਨਕਸ਼ੇ ਵਿੱਚ ਦਰਸਾਏ ਪਲਾਟ ਨੰਬਰ/ਰਕਬੇ ਦੇ ਹਵਾਲੇ ਵਿੱਚ ਮੰਗੀ ਜਾਵੇਗੀ। ਪਲਾਟ ਦਾ ਸਹੀ ਸਾਈਜ ਅਤੇ ਇਸ ਦੀਆਂ ਡਾਈਮੈਨਸਨਜ ਕਬਜਾ ਦੇਣ ਸਮੇਂ ਕੀਤੀ ਗਈ ਮਿਣਤੀ ਦੇ ਮੁਤਾਬਿਕ ਸਮਝਿਆ ਜਾਵੇਗਾ। ਮਿਣਤੀ ਵਿੱਚ ਬੋਲੀ ਸਮੇਂ ਦਰਸਾਏ ਰਕਬੇ ਤੋਂ ਕੋਈ ਰਕਬਾ ਘੱਟ/ਵੱਧ ਜਾਂਦਾ ਹੈ ਤਾਂ ਘਟੇ/ਵਧੇ ਰਕਬੇ ਦੀ ਕੀਮਤ ਆਕਸ਼ਨ ਸਮੇਂ ਦਿੱਤੀ ਗਈ ਕੀਮਤ ਦੇ ਅਨੁਪਾਤ ਵਿੱਚੋਂ ਘਟਾਈ/ਵਧਾਈ ਜਾਵੇਗੀ। ਜੇਕਰ ਪਲਾਟ ਖ੍ਰੀਦਾਰ ਬੇਸਮੈਂਟ ਦੀ ਉਸਾਰੀ ਕਰਨਾ ਚਾਹੁੰਦਾ ਹੈ ਤਾਂ ਬੋਲੀ ਦੀ ਕੀਮਤ ਦਾ 10% ਵਾਧੂ ਚਾਰਜ ਜਮ੍ਹਾਂ ਕਰਵਾ ਕੇ ਪ੍ਰਵਾਨਗੀ ਪ੍ਰਾਪਤ ਕਰੇਗਾ।

11 ਖਰੀਦਦਾਰ ਨੂੰ ਬੋਲੀ ਫਾਰਮ ਨਾਲ ਨੱਥੀ ਸਰਤਾਂ ਅਤੇ " ਪੇਸ਼ਕਸ ਦੇ ਮੈਮੋਰੰਡਮ " ਦੇ ਫਾਰਮ ਤੇ ਵੀ ਹਸਤਾਖਰ ਕਰਨੇ ਪੈਣਗੇ।

12 ਨਿਲਾਮੀ ਤੋਂ ਤੁਰੰਤ ਬਾਅਦ ਸਭ ਤੋਂ ਵੱਧ ਬੋਲੀ ਦੇਣ ਵਾਲੇ ਵਿਅਕਤੀ ਵੱਲੋਂ ਦਿੱਤੀ ਬੋਲੀ ਦੀ ਕੁੱਲ ਕੀਮਤ ਦੀ 25% ਰਕਮ ਅਸਟੇਟ ਅਫਸਰ/ਬੋਲੀ ਕਰਤਾ ਅਧਿਕਾਰੀ ਪਾਸ ਤੁਰੰਤ ਡਿਮਾਂਡ ਡਰਾਫਟ ਰਾਹੀਂ ਜੋ ਮਾਰਕਿਟਿੰਗ ਡਿਵੈਲਪਮੈਂਟ ਫੰਡ, ਪੰਜਾਬ ਮੰਡੀ ਬੋਰਡ, ਪੇਏਬਲ ਐਟ ਚੰਡੀਗੜ੍ਹ ਦੇ ਨਾਂ ਹੋਵੇ ਮੌਕੇ ਤੇ ਜਮਾ ਕਰਵਾਉਣੀ ਪਵੇਗੀ। ਅਗਰ ਬੋਲੀ ਕਰਤਾ ਅਫਸਰ/ਅਸਟੇਟ ਅਫਸਰ ਇਹ ਮਹਿਸੂਸ ਕਰਦਾ ਹੈ ਕਿ ਬੋਲੀ ਖਤਮ ਹੋਣ ਤੱਕ ਬੈਂਕਾਂ ਦੇ ਕੰਮ ਕਾਰ ਦਾ ਸਮਾਂ ਖਤਮ ਹੋ ਜਾਣ ਕਾਰਨ ਬੋਲੀਕਾਰ ਲਈ ਅਜਿਹਾ ਕਰਨਾ ਸੰਭਵ ਨਹੀਂ ਹੈ ਤਦ ਉਹ ਇਸ ਮਕਸਦ ਲਈ ਬੈਂਕਾਂ ਦੇ ਕੰਮ ਕਾਰ ਦੇ ਅਗਲੇ ਦਿਨ ਦੀ ਸਾਮ 5.00 ਵਜੇ ਤੱਕ ਇਹ ਰਕਮ ਜਮ੍ਹਾਂ ਕਰਵਾਉਣ ਲਈ ਸਮਾਂ ਦੇਣ ਦੇ ਸਮਰੱਥ ਹੋਵੇਗਾ। ਅਗਰ ਬੋਲੀਕਾਰ ਵਲੋਂ ਮਿੱਥੇ ਸਮੇਂ ਦੇ ਅੰਦਰ 25% ਰਕਮ ਜਮ੍ਹਾਂ ਨਹੀ ਕਰਵਾਈ ਜਾਂਦੀ ਤਾਂ ਉਸ ਵਲੋਂ ਜਮ੍ਹਾਂ ਕਰਵਾਈ ਗਈ ਯੋਗਤਾ ਫੀਸ ਜਬਤ ਕਰ ਲਈ ਜਾਵੇਗੀ।

13 ਉਪਰੋਕਤ ਸਰਤਾਂ ਦੇ ਤਹਿਤ ਸਭ ਤੋਂ ਵੱਧ ਕੀਮਤ ਤੇ ਦਿੱਤੀ ਬੋਲੀ ਦੀ ਪ੍ਰਵਾਨਗੀ ਲਈ ਕੇਸ ਡਾਇਰੈਕਟਰ ਪੰਜਾਬ ਮੰਡੀ ਬੋਰਡ ਨੂੰ ਭੇਜਿਆ ਜਾਵੇਗਾ ਬਿਨ੍ਹਾਂ ਕਿਸੇ ਕਾਰਨ ਦੱਸੇ ਉਸਨੂੰ ਮੰਨਜੂਰ ਜਾਂ ਨਾ ਮੰਨਜੂਰ ਕਰ ਸਕਦੇ ਹਨ।

14 ਜੇਕਰ ਬੋਲੀਕਾਰ ਵੱਲੋਂ ਦਿੱਤੀ ਗਈ ਬੋਲੀ ਦੀ ਕੀਮਤ ਅੰਤਿਮ ਤੌਰ ਤੇ ਸਮੱਰਥ ਅਧਿਕਾਰੀ ਵੱਲੋਂ ਪ੍ਰਵਾਨ ਮੰਨੀ ਜਾਂਦੀ ਹੈ ਤਾਂ 75% ਬਕਾਇਆ ਰਕਮ ਹੇਠ ਲਿਖੇ ਅਨੁਸਾਰ ਅਦਾ ਕੀਤੀ ਜਾ ਸਕਦੀ ਹੈ:

**Alternative (A)**

**ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋ 30 ਦਿਨਾ ਦੇ ਅੰਦਰ -ਅੰਦਰ 5% ਕੈਸ ਡਿਸਕਾਉਂਟ ਸਮੇਤ ਜਮਾਂ ਕਰਵਾਈ ਜਾ ਸਕਦੀ ਹੈ।**

ਜਾਂ

**Alternative (B)**

**ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋ 60 ਦਿਨਾਂ ਅੰਦਰ ਯਕਮੁਸਤ ਬਿਨਾਂ ਕੈਸ ਡਿਸਕਾਉਂਟ ਤੋ ਜਮਾਂ ਕਰਵਾਈ ਜਾ ਸਕਦੀ ਹੈ।**

ਜਾਂ

**Alternative (C)**

**ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋ 15% ਸਲਾਨਾ ਵਿਆਜ ਸਮੇਤ ਛੇ ਬਰਾਬਰ ਛਮਾਹੀ ਕਿਸਤਾਂ ਵਿੱਚ ਅਦਾ ਕੀਤੀ ਜਾ ਸਕਦੀ ਹੈ।**

15 ਖਰੀਦਦਾਰ ਨੂੰ ਜਗ੍ਹਾ/ ਪਲਾਟ ਦਾ ਕਬਜਾ ਪਲਾਟ ਦੀ ਅਲਾਟਮੈਂਟ ਦੇ ਹੁਕਮ ਜਾਰੀ ਹੋਣ ਉਪਰੰਤ 60 ਦਿਨਾਂ ਦੇ ਅੰਦਰ ਅੰਦਰ ਦਿੱਤਾ ਜਾਵੇਗਾ। ਅਗਰ ਅਲਾਟੀ ਉਕਤ ਨਿਸਚਿਤ ਸਮੇਂ ਵਿੱਚ ਕਬਜਾ ਪ੍ਰਾਪਤ ਨਹੀ ਕਰਦਾ ਤਾਂ ਇਹ ਸਮਿਝਆ ਜਾਵੇਗਾ ਕਿ ਅਲਾਟੀ ਨੂੰ ਡੀਊ ਮਿਤੀ ਨੂੰ ਕਬਜਾ ਦਿੱਤਾ ਜਾ ਚੁੱਕਾ ਹੈ **(In case the allottee fails to take possession of the site within the stipulated period,it**

**shall be deemed to have been handed over on the due date)**

16. ਖ਼ੀਦਦਾਰ ਦੁਕਾਨ ਨੂੰ ਸਿਰਫ ਉਸੇ ਮੰਤਵ ਲਈ ਵਰਤੇਗਾ ਜਿਸ ਮੰਤਵ ਲਈ ਸਾਈਟ ਵੇਚੀ ਗਈ ਹੋਵੇ। ਖ਼ੀਦਦਾਰ ਨੂੰ ਦੁਕਾਨ ਵਿੱਚ ਅਜਿਹਾ ਕੋਈ ਵੀ ਵ੍ਰਿਉਪਾਰ ਅਕਰਨ ਦੀ ਆਗਿਆ ਨਹੀ ਹੋਵੇਗੀ ਜਿਸ ਵਿੱਚ ਜਲਨਸੀਲ/ਖਤਰਨਾਕ/**obnoxious** ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੋਵੇ ਅਤੇ ਜੋ ਆਮ ਲੋਕਾਂ ਦੀ ਸੁਰਖਿਆ ਲਈ ਖੱਤਰਾ ਹਵੇ। ਇਸ ਤੋਂ ਇਲਾਵਾ ਅਲਾਟੀ ਨੂੰ ਇਹ ਦੁਕਾਨ ਸਰਾਬ ਦੇ ਵਿਉਪਾਰ ਲਈ ਵਰਤਣ ਦੀ ਆਗਿਆ ਵੀ ਨਹੀ ਹੋਵੇਗੀ।

17. ਖ਼ੀਦਦਾਰ ਨੂੰ ਦੁਕਾਨਾਂ ਦੇ ਸਾਹਮਣੇ ਬਣੇ ਵਰਾਂਡਿਆਂ ਦੀ ਕਿਸੇ ਵੀ ਤਰ੍ਹਾਂ ਦੀ ਵਰਤੋਂ/ਜਾਂ ਇਸ ਵਿੱਚ ਕਈ ਉਸਾਰੀ ਕਰਨ ਜਾਂ ਕਿਸੇ ਹੋਰ ਮੰਤਵ ਲਈ ਵਰਤਣ ਦੀ ਆਗਿਆ ਨਹੀ ਹੋਵੇਗੀ।

18. ਜਦੋ ਤੱਕ ਕਿ ਪੂਰੀ ਪੂਰੀ ਕੀਮਤ ਦੀ ਅਦਾਇਗੀ ਨਹੀ ਕਰ ਦਿੱਤੀ ਜਾਂਦੀ, ਕਿਸੇ ਵੀ ਪਲਾਟ ਦੀ ਮਲਕੀਅਤ ਦਾ ਹੱਕ ਸਕੱਤਰ ਬਰਡ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਤਬਦੀਲ ਨਹੀ ਕੀਤੇ ਜਾਣਗਾ। ਫਿਰ ਵੀ ਖਰੀਦਦਾਰ ਨੂੰ ਕਿਸੇ ਜਗ੍ਹਾ ਤੇ ਬਣੀ ਇਮਾਰਤ ਦਾ ਕੁੱਝ ਹਿੱਸਾ ਜਾਂ ਸਾਰੀ ਦੀ ਸਾਰੀ ਇਮਾਰਤ ਮਾਹਵਾਰ ਕਿਰਾਏ ਤੇ ਦੇਣ ਦੀ ਇਜਾਜਤ ਦਿੱਤੀ ਜਾ ਸਕਦੀ ਹੈ।

19. ਅਸਟੇਟ ਅਫਸਰ ਪੰਜਾਬ ਮੰਡੀ ਬੋਰਡ ਚੰਡੀਗੜ੍ਹ ਤੋ ਉਸਾਰੀ ਸਬੰਧੀ ਨਕਸਾ ਪਹਿਲਾ ਮੰਨਜੂਰ ਕਰਾਉਣਾ ਪਵੇਗਾ। ਉਸਾਰੀ ਯੋਜਨਾਵਾਂ ਲਈ ਸਟੈਂਡਰਜ ਬਿਲਡਿੰਗ ਡਿਜਾਇਨ ਸਕੱਤਰ ਬੋਰਡ ਜੀ ਵੱਲੋਂ ਪ੍ਰਵਾਨ ਕੀਤੇ ਜਾ ਚੁੱਕੇ ਹਨ ਇਨ੍ਹਾਂ ਦਾ ਮਨਜੂਰ ਸੁਦਾ ਖਾਕਾ ਸਬੰਧਤ ਸਕੱਤਰ ਮਾਰਕੀਟ ਕਮੇਟੀ ਤੋਂ ਸਮੇਂ-ਸਮੇਂ ਅਨੁਸਾਰ ਨਿਰਧਾਰਿਤ ਨਕਸਾ ਫੀਸ ਅਦਾ ਕਰਕੇ ਹਾਸਲ ਕੀਤਾ ਜਾ ਸਕਦਾ ਹੈ।

20. ਬੋਰਡ ਵੱਲੋਂ ਇਸ ਸਬੰਧ ਵਿੱਚ ਨਿਸਚਿਤ ਕੀਤੀਆ ਸਰਤਾ ਅਨੁਸਾਰ ਪਲਾਟ ਖਰੀਦਦਾਰ ਇਮਾਰਤ ਦੀ ਉਸਾਰੀ ਅਲਾਟਮੈਂਟ ਦੇ ਹੁਕਮ ਜਾਰੀ ਹੋਣ ਤੋ 2 ਸਾਲ ਦੇ ਅੰਦਰ ਅੰਦਰ ਮੁਕੰਮਲ ਕਰੇਗਾ। ਜੇਕਰ 2 ਸਾਲ ਦੇ ਅੰਦਰ ਅੰਦਰ ਉਸਾਰੀ ਨਹੀ ਕੀਤੀ ਜਾਂਦੀ ਤੱਦ ਅਸਟੇਟ ਅਫਸਰ ਅਲਾਟਮੈਂਟ ਕੀਮਤ ਦੀ 10% ਦੇ ਹਿਸਾਬ ਨਾਲ ਫੀਸ ਚਾਰਜ ਕਰਦੇ ਹੋਏ ਤੀਸਰੇ ਸਾਲ ਲਈ ਅਤੇ 15% ਦੇ ਹਿਸਾਬ ਨਾਲ ਫੀਸ ਚਾਰਜ ਕਰਦੇ ਹਏ ਚੌਥੇ ਸਾਲ ਲਈ ਵਾਧਾ ਕਰ ਸਕਦਾ ਹੈ।

21. ਕਿਸੇ ਵੀ ਇਮਾਰਤੀ ਜਗ੍ਹਾ ਨੂੰ ਟੁਕੜਿਆਂ ਵਿੱਚ ਨਹੀ ਵੰਡਿਆਂ ਜਾ ਸਕੇਗਾ।

22. ਖਰੀਦਦਾਰ ਸਮੇਂ ਸਮੇਂ ਸਿਰ ਯੋਗ ਅਧਿਕਾਰੀ/ਲੋਕਲ ਬਾਡੀਜ ਵੱਲੋਂ ਲਗਾਏ ਗਏ ਆਮ ਅਤੇ ਲੋਕਲ ਟੈਕਸ/ਹਾਊਸ ਟੈਕਸ/ਪ੍ਰਾਪਰਟੀ ਟੈਕਸ ਆਦਿ ਦੀ ਅਦਾਇਗੀ ਕਰੇਗਾ।

23. **ਜੇਕਰ ਬੋਲੀ ਪ੍ਰਵਾਨ ਕਰ ਲਈ ਜਾਂਦੀ ਹੈ ਤਾਂ ਬੋਲੀ ਦੇਣ ਵਾਲਾ ਬੋਲੀ ਦੀ ਬਾਕੀ ਰਹਿੰਦੀ ਸਾਰੀ ਰਕਮ ਅਤੇ ਹੋਰ ਬਕਾਇਅਜਾਤ ਦੀ ਅਦਾਇਗੀ ਇਕਮੁਸਤ ਕਰਨ ਉਪਰੰਤ ਜਾਂ ਛਿਮਾਹੀ ਕਿਸਤਾਂ ਵਿੱਚ ਕਰਨ ਸਬੰਧੀ ਮਿੱਥੇ ਸਡਿਊਲ ਦੀ ਆਖਰੀ ਕਿਸਤ ਦੀ ਤਾਰੀਕ ਤੋਂ ਤੁਰੰਤ ਬਾਅਦ ਅਸਟੇਟ ਅਫਸਰ ਤੋਂ ਨੋ ਡਿਊ ਸਰਟੀਫਿਕੇਟ ਪ੍ਰਾਪਤ ਕਰਨਾਂ ਯਕੀਨੀ ਬਣਾਏਗਾ।** ਅਜਿਹਾ ਕਰਨ ਉਪਰੰਤ 15 ਦਿਨਾਂ ਦੇ ਅੰਦਰ ਅੰਦਰ ਅਸਟੇਟ ਅਫਸਰ ਪੰਜਾਬ ਮੰਡੀ ਬੋਰਡ ਤੋ ਫਾਰਮ ਬੀ ਵਿੱਚ ਕੰਨਵੇਨਸ ਡੀਡ ਪ੍ਰਾਪਤ ਕਰਨ ਲਈ ਆਪਣੇ ਖਰਚੇ ਤੇ ਅਲਾਟਮੈਂਟ ਕੀਮਤ ਦੇ ਹਿਸਾਬ ਨਾਲ ਸਰਕਾਰ ਵੱਲੋਂ ਸਮੇਂ ਸਮੇਂ ਤੇ ਨਿਸਚਿਤ ਕੀਤੇ ਸਟੈਂਪ ਰੇਟ ਅਨੁਸਾਰ ਸਟੈਂਪ ਪੇਪਰ ਖਰੀਦ ਕਰਨ ਉਪਰੰਤ ਨਿਸਚਿਤ ਪ੍ਰੋਫਾਰਮੇ ਵਿੱਚ ਕੰਨਵੇਨਸ ਡੀਡ ਦਾ ਖਰੜਾ ਟਾਈਪ ਕਰਵਾ ਕੇ ਅਸਟੇਟ ਅਫਸਰ ਨੂੰ ਐਕਜੀਕਿਊਸਨ ਲਈ ਸਬਮਿਟ ਕਰੇਗਾ। ਐਕਜੀਕਿਊਸਨ ਤੋ ਬਾਅਦ ਉਹ ਡੀਡ ਨੂੰ ਸਬੰਧਤ ਸਬ-ਰਜਿਸਟਰਾਰ ਦਫਤਰ ਵਿੱਚ ਰਜਿਸਟਰਡ ਕਰਵਾਏਗਾ। ਅਗਰ ਉਸ ਵੱਲੋਂ ਆਖਰੀ ਕਿਸਤ ਲਈ ਮਿਥੀ ਤਰੀਕ ਤੋਂ 3 (ਤਿੰਨ) ਮਹੀਨੇ ਦੇ ਅੰਦਰ ਅੰਦਰ ਕਨਵੇਨੇਸ ਡੀਡ ਤਿਆਰ ਕਰਵਾ ਕਿ ਰਜਿਸਟਰਡ ਕਰਵਾਈ ਜਾਂਦੀ ਹੈ ਤਦ ਮੌਜੂਦਾ ਕਾਨੂੰਨ ਅਨੁਸਾਰ ਕੰਨਵੇਨਸ ਡੀਡ ਉਪਰ ਸਟੈਂਪ ਡਿਊਟੀ

ਅਲਾਟਮੈਂਟ ਕੀਮਤ ਮੁਤਾਬਿਕ ਲਗਾਈ ਜਾਵੇਗੀ। ਅਗਰ ਉਸ ਵਲੋਂ ਉਕਤ ਦਰਸਾਏ 3 (ਤਿੰਨ) ਮਹੀਨੇ ਦੇ ਸਮੇਂ ਤੋਂ ਬਾਅਦ ਕੰਨਵੇਂਨਸ ਡੀਡ ਜਾਰੀ ਕਰਾਉਣ ਲਈ ਬੇਨਤੀ ਕੀਤੀ ਜਾਂਦੀ ਹੈ ਤੱਦ ਉਸ ਨੂੰ ਕਨਵੇਅੰਸ ਡੀਡ ਉਪਰ ਕਨਵੇਅੰਸ ਜਾਰੀ ਕਰਨ ਲਈ ਦਿੱਤੀ ਬੇਨਤੀ ਦੇ ਦਿਨ ਸਬੰਧਤ ਪ੍ਰਾਪਰਟੀ/ਪਲਾਟ ਤੇ ਲਾਗੂ ਕੁਲੈਕਟਰ ਰੇਟ ਦੇ ਹਿਸਾਬ ਨਾਲ ਸਟੈਂਪ ਅਦਾ ਕਰਨਾ ਪਵੇਗਾ।

24. ਵੇਚ ਫਾਰਮ ਬੀ ਤੇ ਕਨਵੇਂਅਸ ਡੀਡ (**Conveyance Deed**) ਮੰਡੀ ਬਰਡ ਦੇ ਹੱਕ ਵਿੱਚ ਦਰਜ ਸਰਤਾਂ ਅਤੇ ਰੂਲਾਂ ਦੇ ਤਹਿਤ ਹੋਵੇਗੀ ਅਤੇ ਖਰੀਦਦਾਰ, ਇਸ ਸਬੰਧੀ ਕੀਤੇ ਗਏ ਸਮਝੌਤੇ/ਸਰਤਾਂ ਦਾ ਪਾਬੰਦ ਹੋਵੇਗਾ। ਖਰੀਦਦਾਰ ਨੂੰ ਆਮ ਤੌਰ ਤੇ ਇਸ ਸਮਝੌਤੇ ਦਾ ਪਾਬੰਦ ਹੋਣਾ ਪਵੇਗਾ ਕਿ ਉਹ ਖਰੀਦੀ ਗਈ ਜਾਇਦਾਦ ਨੂੰ ਕਿਸੇ ਹੋਰ ਮੰਤਵ ਲਈ, ਜਿਸ ਲਈ ਕਿ ਉਹ ਵੇਚੀ ਨਾ ਗਈ ਹੋਵੇ, ਵਰਤੋਂ ਨਹੀ ਕਰੇਗਾ ਅਤੇ ਰਿਹਾਇਸੀ, ਆੜ੍ਹਤ, ਵਪਾਰਕ ਸਬੰਧੀ ਮੰਤਵਾਂ ਨੂੰ ਇੱਕ ਦੂਸਰੇ ਵਿੱਚ ਨਹੀ ਬਦਲੇਗਾ ਅਤੇ ਇਸ ਜਾਇਦਾਦ/ ਬਿਲਡਿੰਗ ਨੂੰ ਚੰਗੀ ਹਾਲਤ ਵਿੱਚ ਰਖਣ ਲਈ ਜਿੰਮੇਵਾਰ ਹੋਵੇਗਾ।

25. ਸਮਰੱਥ ਅਥਾਰਟੀ ਆਪ ਜਾਂ ਆਪਣੇ ਅਧਿਕਾਰੀ ਜਾ ਨੁਮਾਇੰਦੇ ਰਾਂਹੀ ਹਰ ਯੋਗ ਸਮੇਂ ਅਤੇ ਯੋਗ ਤਰੀਕੇ ਨਾਲ 24 ਘੰਟੇ ਦਾ ਨੋਟਿਸ ਦੇ ਕੇ ਉਕਤ ਪਲਾਟ ਜਾਂ ਇਸ ਉਪਰ ਬਣੀ ਇਮਾਰਤ ਵਿੱਚ ਜਾ ਇਸ ਦੇ ਕਿਸੇ ਵੀ ਹਿੱਸੇ ਵਿੱਚ ਇਹਨਾਂ ਦੀ ਹਾਜਰੀ ਵਿੱਚ ਕੰਮ ਦਾ ਮੁਲਅੰਕਣ ਕਰਨ ਲਈ ਦਾਖਲ ਹੋ ਸਕਦਾ ਹੈ, ਨਿਰੀਖਣ ਕਰ ਸਕਦਾ ਹੈ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਲਾਗੂ ਰੂਲਾਂ, ਕਾਨੂੰਨ ਅਤੇ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਦੀ ਪੂਰੀ ਪਾਲਣਾ ਹੋ ਰਹੀ ਹੈ ਜਾਂ ਨਹੀ।

26. ਸਮਰੱਥ ਅਥਾਰਟੀ ਕੋਲ ਪੂਰੇ ਅਧਿਕਾਰ ਹਨ ਕਿ ਉਹ ਆਪਣੇ ਅਫਸਰਾਂ ਜਾਂ ਨੁਮਾਇੰਦਿਆਂ ਰਾਹੀ ਉਹ ਸਭ ਕੰਮਾਂ ਜਾਂ ਚੀਜਾਂ ਜੋ ਸਾਰੀਆਂ ਜਾਂ ਕਿਸੀ ਇਕ ਸਰਤ/ਸਰਤਾਂ ਜਿਵੇਂ ਕਿ ਇਸ ਵਿੱਚ ਦਰਜ ਹੈ ਦੀ ਪਾਲਣਾ ਕਰਨ ਹਿੱਤ ਯੋਗ ਕਦਮ ਚੁੱਕ ਸਕਦੇ ਹਨ ਅਤੇ ਇੱਸ ਸੰਬੰਧ ਵਿੱਚ ਕੀਤੇ ਗਏ ਖ਼ਰਚੇ ਅਲਾਟੀ ਤੋਂ ਵਸੂਲ ਕਰਨ ਦਾ ਅਖਤਿਆਰ ਰੱਖਦੇ ਹਨ। ਅਲਾਟੀ ਨੂੰ ਅਲਾਟ ਕੀਤੇ ਪਲਾਟ ਉਪਰ ਪਹਿਲਾਂ ਚਾਰਜ ਬੋਰਡ ਦਾ ਰਹੇਗਾਂ।

27. ਜੇ ਕੋਈ ਪਲਾਟ ਖਰੀਦਦਾਰ ਉਪਰੋਕਤ ਸਰਤਾਂ ਵਿੱਚ ਕਿਸੇ ਵੀ ਸਰਤ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ ਜਾਂ ਨੀਯਤ ਸਮੇਂ ਵਿੱਚ ਪਲਾਟ ਦੀ ਉਸਾਰੀ ਨਹੀ ਕਰਦਾ ਤਾਂ ਉਸਦਾ ਪਲਾਟ/ਬਿਲਡਿੰਗ ਉਸਨੂੰ ਸੁਣਵਾਈ ਦਾ ਮੌਕਾ ਦੇਣ ਉਪਰੰਤ ਜਬਤ ਕਰ ਲਿਆ ਜਾਵੇਗਾ ਅਤੇ ਪਲਾਟ/ਬਿਲਡਿੰਗ ਜਬਤ ਕਰਨ ਤੋਂ ਇਲਾਵਾ ਪਲਾਟ ਦੀ ਕੁਲ ਕੀਮਤ ਦਾ 10% ਸਮੇਤ ਵਿਆਜ ਅਤੇ ਹੋਰ ਬਕਾਇਅਜਾਤ ਅਗਰ ਕੋਈ ਡਿਊ ਬਣਦੇ ਹੋਣ ਪੰਜਾਬ ਮੰਡੀ ਬੋਰਡ ਦੇ ਹੱਕ ਵਿੱਚ ਜਬਤ ਕੀਤਾ ਜਾਵੇਗਾ। ਪੰਜਾਬ ਮੰਡੀ ਬੋਰਡ ਨੂੰ ਇਹ ਜਾਇਦਾਦ ਮੁੜ ਆਮ ਨਿਲਾਮੀ ਰਾਹੀਂ ਵੇਚਣ ਦਾ ਅਖਤਿਆਰ ਹੋਵੇਗਾ।

28. ਅਗਰ ਉਕਤ ਸਰਤਾਂ ਵਿੱਚ ਕਿਸੇ ਸਰਤ ਬਾਰੇ ਦੋਹਾਂ ਧਿਰਾਂ ਵਿੱਚ ਕੋਈ **difference of opinion** ਹੁੰਦਾ ਹੈ ਤਦ ਇਸ ਸਬੰਧੀ ਸਕੱਤਰ ਬੋਰਡ ਜੀ ਵੱਲੋਂ ਕੀਤਾ ਫੈਸਲਾ ਅੰਤਿਮ ਮੰਨਿਆ ਜਾਵੇਗਾ।

4/4

ਸਹੀ/-
ਅਸਟੇਟ ਅਫਸਰ
ਪੰਜਾਬ ਮੰਡੀ ਬੋਰਡ,
ਚੰਡੀਗੜ੍ਹ